**Exam. Code : 107401**
**Subject Code : 1714**

**B.Sc. Biotechnology 1st Sem. (Batch 2021-24)**

**PUNJABI (Compulsory)**

**Paper : BTL107 (i)**

Time Allowed—3 Hours] [Maximum Marks—50

**ਨੋਟ :—** ਹਰੇਕ ਭਾਗ ਵਿੱਚੋਂ ਘੱਟੋ-ਘੱਟ **ਇੱਕ** ਪ੍ਰਸ਼ਨ ਦੀ ਚੋਣ ਕਰਦੇ ਹੋਏ, ਕੁੱਲ **ਪੰਜ** ਪ੍ਰਸ਼ਨ ਕਰੋ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

**ਭਾਗ-ੳ**

1. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ-ਸਹਿਤ ਵਿਆਖਿਆ ਕਰੋ :

   ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ
   ਫ਼ੈਸਲੇ ਸੁਣਦਿਆਂ-ਸੁਣਦਿਆਂ ਸੁਕ ਗਏ
   ਆਖੋ ਏਨਾਂ ਨੂੰ ਉਜੜੇ ਘਰੀਂ ਜਾਣ ਹੁਣ
   ਇਹ ਕਦੋਂ ਤੀਕ ਏਥੇ ਖੜੇ ਰਹਿਣਗੇ।

2. 'ਪਾਤਸ਼ਾਹ' ਕਹਾਣੀ ਦਾ ਸਾਰ ਲਿਖੋ।

**ਭਾਗ-ਅ**

3. '1917 ਤੋਂ ਪਹਿਲਾਂ ਰੂਸ' ਦਾ ਵਿਸ਼ਾ-ਵਸਤੂ ਲਿਖੋ।

4. 'ਹਿੰਦੁਸਤਾਨ ਛੋੜ ਦੋ' ਦਾ ਸਾਰ ਲਿਖੋ।



**ਭਾਗ-ੲ**

5. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ 'ਤੇ ਪੈਰ੍ਹਾ ਰਚਨਾ ਕਰੋ :

   (ੳ) ਬੇਰੁਜ਼ਗਾਰੀ
   (ਅ) ਸਮਾਜ ਵਿੱਚ ਔਰਤ ਦੀ ਸਥਿਤੀ
   (ੲ) ਪੰਜਾਬ ਦੇ ਲੋਕ-ਗੀਤ।

6. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

   ਜੇ ਕਿਤੇ ਇੱਕ ਜ਼ਿੰਦਗੀ ਦੂਜੀ ਕਿਸੇ ਜ਼ਿੰਦਗੀ ਵਿੱਚ ਜੀਵੀ ਜਾ ਸਕਦੀ ਹੈ ਤਾਂ ਉਸਦਾ ਨਮੂਨਾ ਮਾਂ ਹੈ। ਮਾਂ ਬੱਚੇ ਦੀ ਕਾਮਯਾਬੀ ਉੱਤੇ ਉਹਦੇ ਨਾਲੋਂ ਵੀ ਵਧੇਰੇ ਖੁਸ਼ ਹੁੰਦੀ ਹੈ ਅਤੇ ਉਸਦੀ ਹਰ <u>ਨਮੋਸ਼ੀ</u> ਨੂੰ ਉਹਦੇ ਨਾਲੋਂ ਵੀ ਬਹੁਤਾ ਅਪਨਾਣ ਵਿੱਚ ਆਪਣੀ ਤਸੱਲੀ ਲੱਭਦੀ ਹੈ। ਆਮ ਤੌਰ 'ਤੇ ਬੱਚਿਆਂ ਨੂੰ ਮਾਂ-ਪਿਆਰ ਦੀ ਮਹੱਤਤਾ ਦਾ ਪਤਾ ਉਦੋਂ ਲੱਗਦਾ ਹੈ ਜਦੋਂ ਇਹ ਮਹਾਨ ਪਿਆਰ ਉਨ੍ਹਾਂ ਕੋਲੋਂ ਹਮੇਸ਼ਾਂ ਲਈ <u>ਖੁਸ</u> ਜਾਂਦਾ ਹੈ। ਬੱਚਿਆਂ ਦੇ <u>ਖਰ੍ਹਵਿਆਂ</u> ਰਾਹਾਂ ਉੱਤੇ ਮਾਂ ਆਪਣੇ <u>ਲਾਸਾਨੀ</u> ਪਿਆਰ ਦੇ ਫੁੱਲ ਬੁੱਕਾਂ ਮੂੰਹੀ ਖਿਲਾਰਦੀ ਹੈ।

   (ੳ) ਬੱਚਿਆਂ ਨੂੰ ਮਾਂ ਦੇ ਪਿਆਰ ਦਾ ਪਤਾ ਕਦੋਂ ਲੱਗਦਾ ਹੈ ?
   (ਅ) ਮਾਂ ਬੱਚਿਆਂ ਲਈ ਕੀ ਕੁਝ ਕਰਦੀ ਹੈ ?
   (ੲ) ਪੈਰ੍ਹੇ ਵਿਚੋਂ ਦੋ ਨਾਂਵ ਲੱਭੋ।
   (ਸ) ਲਕੀਰੇ ਸ਼ਬਦਾਂ ਦੇ ਅਰਥ ਲਿਖੋ।
   (ਹ) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

**ਭਾਗ-ਸ**

7. ਭਾਸ਼ਾ ਦੇ ਟਕਸਾਲੀ ਰੂਪ 'ਤੇ ਨੋਟ ਲਿਖੋ।

8. ਪੰਜਾਬੀ ਦੀਆਂ ਉਪਭਾਸ਼ਾਵਾਂ ਦੇ ਪਛਾਣ-ਚਿੰਨ੍ਹ ਸਪੱਸ਼ਟ ਕਰੋ।